# ਤੁਸੀਂ ਮੇਰੇ ਲਈ ਕਿਹੋ ਜਿਹਾ ਭਵਨ ਬਣਾਓਗੇ।

# *WHAT HOUSE WILL YOU BUILD ME?*

ਭਾਈ ਗਰੀਨ  ਤੁਹਾਡਾ ਧੰਨਵਾਦ ਇਹ ਇੱਕ ਮੌਕਾ ਹੈ। ਭਾਈ ਅਤੇ ਭੈਣ ਗਰੀਨ ਅਤੇ ਸਭਨਾ ਨੂੰ ਜੋ ਏਥੇ ਇਸ ਸਵੇਰ ਹਨ ਸੁਭ ਸਵੇਰ। ਮੈਂ ਮਹਿਸੂਸ ਕਰਦਾ ਹਾਂ ਇਹ ਅਵਸਰ ਮੈਨੂੰ ਦਿੱਤਾ ਗਿਆ ਹੈ ਕਿ ਇਸ ਭਵਨ ਤੇ ਪਹੁੰਚ ਕੇ ਕੁਝ ਇੱਕ ਐਲਾਨ ਪੇਸ਼ ਕਰਾਂ।

2 ਮੈਂ ਏਥੇ ਭਾਈ ਗਰੀਨ ਦਾ ਸਮਾਂ ਨਹੀਂ ਲੈਣਾ ਚਾਹੁੰਦਾ ਹਾਂ, ਕਿਉਜੋ ਭਾਈ ਗਰੀਨ ਨੂੰ ਬਹੁਤ ਵਾਰ ਬੋਲਦੇ ਸੁਣਿਆ ਹੈ, ਅਤੇ ਯਕੀਨਨ ਢੰਗ ਨਾਲ, ਜਦੋਂ ਉਹ ਸਾਡੇ ਤੱਕ ਖ਼ੁਦਾ ਦਾ ਬਚਨ ਲਿਆਉਂਦਾ ਸੀ, ਮੈਂ ਪ੍ਰਭਾਵਿਤ ਸਾਂ ਅਤੇ ਇਸ ਬਾਰੇ ਬਹੁਤ ਹਲੀਮ ਹਾਂ। ਕੱਲ ਉਸ ਆਖਿਆ, ਮੈਨੂੰ ਪ੍ਰਭੂ ਪਾਸੋ ਪਰਕਾਸ ਪਰਗਟ ਕਰਨ ਵਾਲਾ ਬਚਨ ਨਹੀਂ ਮਿਲਦਾ, ਜਿਸ ਤਰ੍ਹਾਂ ਉਹ ਭੇਜਿਆ ਗਿਆ ਹੈ। ਉਹ ਬੋਲਿਆ "ਜੋ ਬਚਨ ਪੇਸ਼ ਕੀਤਾ ਜਾ ਚੁੱਕਾ ਹੈ। ਮੈਂ ਉਸ ਬਾਰੇ ਦੱਬ ਚੜਾਉਣਾ ਚਾਹੁੰਦਾ ਹਾਂ।" ਉਸ ਦੱਸਿਆ, "ਉਸੇ ਤਰਾਂ ਹੀ ਜਦ ਪੌਲੂਸ ਨੇ ਬਾਈਬਲ ਅੰਦਰ ਕੁਝ ਲਿਖਿਆ ਸੀ, ਮੈਂ ਉਸੇ ਤੇ ਦਬਾਉ ਪਾਉਣ ਲਈ ਏਥੇ ਆਇਆ ਹਾਂ।" ਮੇਰੇ ਪਾਸ ਆਪਣਾ ਕੋਈ ਸੰਦੇਸ਼ ਨਹੀਂ ਹੈ, ਬਸ ਜੋ ਕੁਝ ਪ੍ਰਭੂ ਵੱਲੋਂ ਪਹਿਲਾਂ ਹੀ ਅਖਿਆ ਜਾ ਚੁੱਕਾ ਹੈ  ਉਸੇ ਤੇ ਦਬਾ ਪਾਵਾਂ।" ਮੈਂ ਸੋਚਿਆ ਇਹ ਧਿਆਨ ਦੇਣ ਯੋਗ ਹੈ, ਇੱਕ ਇਸ ਤਰ੍ਹਾਂ ਦੇ

ਨੌਜਾਵਾਨ ਨੂੰ ਇਸ ਤਰ੍ਹਾਂ ਦੀ ਟਿੱਪਣੀ ਦੇਣਾ

ਹੁਣ ਆਓ ਇਕੱਠੇ ਪਰਾਰਥਨਾ ਕਰੀਏ।

3 ਪਿਆਰੇ ਖੁਦਾ , ਮੈਂ ਸ਼ੁਰੂ ਕਰਨ ਵੇਲੇ ਕਠਨਾਈ ਵਿਚ ਹਾਂ ਕਿ ਕਿਸ ਤਰ੍ਹਾਂ ਸ਼ੁਰੂ ਕਰਾਂ, ਕਿਉਂ ਜੋ ਮੈਂ ਮਹਿਸੂਸ ਕਰਦਾ ਹਾਂ ਤੂੰ ਅੱਜ ਦਿਨੇ ਇਸ ਸਥਾਨ ਅੰਦਰ ਹੈਂ, ਅਤੇ ਤੇਰੀ ਹਜ਼ੂਰੀ ਅੰਦਰ ਅਸੀਂ ਹਮੇਸ਼ਾਂ ਬਹੁਤ ਛੋਟੇ ਮਹਿਸੂਸ ਕਰਦੇ ਹਾਂ। ਅਤੇ ਮੈਂ ਇਸ ਮੌਕੇ ਲਈ ਤੇਰਾ ਧੰਨਵਾਦੀ ਹਾਂ। ਹੁਣ ਪ੍ਰਭੂ ਤੂੰ ਹੀ ਸਾਨੂੰ ਇਹ ਸਥਾਨ ਬਖ਼ਸ ਦਿੱਤਾ ਹੈ, ਅਸੀਂ ਬੇਨਤੀ ਕਰਦੇ ਹਾਂ ਤੂੰ ਹਰ ਵੇਲੇ ਜਦ ਅਸੀਂ ਇਸ ਸਥਾਂਨ ਤੇ ਇਕੱਠੇ ਹੋਵਾਂਗੇ ਤੂੰ ਸਾਨੂੰ ਮਿਲੇਂਗਾ। ਕਾਸ਼ ਕਿ ਤੇਰਾ ਮਹਾਨ ਆਤਮਾ ਇਸ ਸ਼ਹਿਰ ਤੇ ਆਏ। ਕਾਸ਼ ਕਿ ਅਸੀਂ ਅੰਜੀਲ ਦਾ ਸਮਾਚਾਰ, ਜੋ ਸਾਨੂੰ ਦਿੱਤਾ ਗਿਆ ਅਤੇ ਇਹਨਾਂ ਅੰਤਲੇ ਦਿਨਾਂ ਅੰਦਰ ਸਾਡੇ ਹੱਥਾਂ ਅੰਦਰ ਸੌਂਪਿਆ ਗਿਆ ਹੈ। ਪੇਸ਼ ਕਰੀਏ, ਕਾਸ਼ ਕਿ ਇਹ ਪੂਰਾ ਹੋਵੇ ਅਤੇ ਤੂੰ ਟੂਸਨ ਅਤੇ ਇਸ ਦੇ ਚੁਫੇਰੇ ਹਰੇਕ ਉਸ ਆਤਮਾ ਨੂੰ ਲੱਭ ਲਵੇ, ਜਿਨਾਂ ਨੂੰ ਤੂੰ ਜੀਵਨ ਪਾਉਣ ਲਈ ਅਗੇਤਰਾ ਠਹਿਰਾਇਆ ਹੈ। ਪਿਤਾ ਇਹਨਾਂ ਚੀਜਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਖ਼ਸ ਦੇ। ਆਮੀਨ।

4 ਮੈਂ ਸੋਚਦਾ ਹਾਂ ਮੈਂ ਇਸ ਸਵੇਰ ਨੂੰ ਬਸ ਕੁਝ ਕਹਿਣ ਤੋਂ ਪਹਿਲਾਂ ਜੋ ਸ਼ਬਦ ਮੈਂ ਪਰਚਾਰਨਾ ਚਾਹੁੰਦਾ ਹਾਂ, ਮੈਂ ਬਚਨ ਵਿਚੋਂ ਛੋਟੀ ਆਇਤ ਪੜ੍ਹਨਾ ਚਾਹਾਂਗਾ। ਇਹ ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿਚ ਸਤਵੇਂ ਪਾਠ ਵਿਚ ਹੈ, ਜਦ ਕਿ ਤੁਸੀਂ ਉਸ ਵੱਲ ਆ ਰਹੇ ਹੋ, ਅਸੀਂ 44 ਆਇਤ ਤੋਂ ਪੜ੍ਹਨਾ ਸ਼ੁਰੂ ਕਰਾਂਗੇ।

5 ਹੁਣ ਅਸੀਂ ਇਸ ਹਫਤੇ, ਇਸ ਆਉਣ ਵਾਲੇ ਹਫਤੇ ਨੂੰ, ਸਿਲਸਿਲਾ ਵਾਰ ਬੰਦਗੀਆਂ ਲਈ ਜਾ ਰਹੇ ਹਾਂ। ਅਤੇ ਹੁਣ ਅਸੀਂ ਕੋਸ਼ਿਸ਼ ਕਰਨ ਜਾ ਰਹੇ ਹਾਂ। ਜੇ ਕਰ ਪ੍ਰਭੂ ਚਾਹੇ ਤਾਂ, ਭਾਈ ਮੂਰੇ, ਭਾਈ ਜੈਕ ਮੂਰੇ ਜੋ

ਮੇਰਾ ਅਤੇ ਭਾਈ ਪੈਰੀ ਦਾ ਇਕ ਵੱਧੀਆ ਮਿਤ੍ਰ ਹੈ, ਅਤੇ ਅਸੀਂ ਭਾਈ ਜੈਕ ਨੂੰ ਪਿਆਰ ਕਰਦੇ ਹਾਂ ਮੇਰਾ ਵਿਚਾਰ ਹੈ , ਸੰਦੇਸ਼ ਨੇ ਉਹਨੂੰ ਥੋੜ੍ਹਾ ਕੁ ਪਰੇਸ਼ਾਨ ਕੀਤਾ, ਖਾਸ ਕਰਕੇ ਕੁਝ ਉਹਨਾਂ ਗੱਲਾਂ ਤੇ ਜਿਹਨਾਂ ਦੀ ਬਹੁਤ ਹੀ ਅਸੀਂ ਨਿਹਚਾ ਕਰਦੇ ਹਾਂ, ਇਹ ਸਾਨੂੰ ਮੋਹਰਾਂ ਦੇ ਖੁੱਲ੍ਹਨ ਨਾਲ ਮਿਲੀਆਂ ਹਨ। ਜਿਨ੍ਹਾਂ ਦੀ ਅਸੀਂ ਨਿਹਚਾ ਕਰਦੇ ਹਾਂ, ਜਿਸ ਤਰ੍ਹਾਂ ਕਿ ,"ਸੱਪ ਦੀ ਸੰਤਾਨ" ਅਤੇ "ਨਿਹਚਾਵਾਨਾਂ ਦਾ ਸਦੀਪਕ ਬਚਾਓ," ਅਤੇ ਹੋਰ, ਹੋਰ ਇਸ ਤਰ੍ਹਾਂ ਦੀਆਂ ਗੱਲਾਂ, ਕੁਝ ਕੁ ਉਹ ਸੰਦੇਸ਼ ਚਾਹੇ ਹੋਰ ਦੂਸਰੇ ਹੋਣ .... ਅਸੀਂ ਨਹੀਂ ਸੋਚਦੇ ਹਾਂ, ਇਹ ਔਖੇ ਹਨ ਪਰ, ਜੇ ਕਰ ਸਚਾਈ ਨੂੰ ਸਮਝਣ ਲਈ ਤੁਹਾਡਾ ਮਨ ਖੁੱਲ੍ਹਾ ਹੋਵੇ ਤਾਂ ਅਸੀ ਨਿਹਚਾ ਕਰਦੇ ਹਾਂ ਅਸੀਂ ਅੰਤਲੇ ਸਮੇਂ ਅੰਦਰ ਰਹਿ ਰਹੇ ਹਾਂ ਅੰਤ ਦੇ ਸਮੇਂ ਵਿਚ। ਇਹ ਅਸਲ ਵਿਚ ਸਾਡੇ ਲਈ ਏਨਾ ਸਪੱਸ਼ਟ ਹੈ ਕਿ ਬਸ ਅਸੀਂ ਸਫ਼ਰ ਤਹਿ ਕਰਨ ਦੇ ਅੰਤ ਤੇ ਹਾਂ।

6 ਅਤੇ ਕਿਸੇ ਦੂਸਰੇ ਮਨੁੱਖ ਦੀ ਕਲੀਸੀਆ ਵਿਚ ਬੋਲਣ ਲਈ, ਖ਼ੈਰ ਤੁਸੀਂ ਉਸ ਦੀ ਪਰੌਹਣਚਾਰੀ ਕਰਨ ਕਰਕੇ, ਤੁਹਾਨੂੰ ਆਪਣੀ ਕਲੀਸੀਯਾ ਅੰਦਰ ਆ ਕੇ ਮੌਕਾ ਦੇਣ ਵਾਸਤੇ ਤੁਸੀਂ ਉਸ ਮਨੁੱਖ ਨੂੰ ਆਦਰ ਦੇਣਾ ਚਾਹੁੰਦੇ ਹੋ। ਅਤੇ ਮੈਂ ਯਕੀਨੀ, ਜਾਣਦੇ ਹੋਏ ਕਿ ਉਹ ਇਸ ਦੀ ਨਿਹਚਾ ਨਹੀਂ ਕਰਦੇ ਹਨ, ਅਤੇ ਮੈਂ ਉਸ ਲਈ ਮੈਂ ਤਾਂ ਉਹਨਾਂ ਦੀ ਵਧੇਰੇ ਕਦਰ ਕਰਾਂਗਾ ... ਉਸ ਬਾਰੇ ਮੈਂ ਬਹੁਤ ਹੋਰ ਵੀ ਕਹਿ ਸਕਦਾ ਹਾਂ, ਉਸ ਨੂੰ ਪੇਸ਼ ਕਰਨ ਦੇ ਇਲਾਵਾ ਬਸ ਜੇ ਕਰ ਪਵਿੱਤਰ ਆਤਮਾ ਹੀ ਥੋੜ੍ਹਾ ਹੋਣ ਦੇਵੇ ਤਾਂ, ਤੁਸੀਂ ਵੇਖਦੇ ਹੋ, ਫੇਰ ਮੈਂ ਉਹੋ ਹੀ ਕਰਾਂਗਾ ਜੋ ਉਸ ਨੇ ਆਖਿਆ ਹੈ। ਅਤੇ ਉਸ ਨਾਲੋਂ ਹੋਰ ਵੱਧੀਆ ਮੈਂ ਕਰਨਾ ਜਾਣਦਾ ਹੀ ਨਹੀਂ, ਅਤੇ ਮੈਨੂੰ ਆਸ ਹੈ ਮੈਂ ਉਸ ਨੂੰ ਹੋਰ ਵੱਧੀਆ ਕਰਨ ਲਈ ਕਦੀ ਵੀ ਸਿੱਖਾਂਗਾ ਨਹੀਂ, ਸਮਝੇ? ਆਓ ਜਿਸ ਪਰਕਾਰ ਉਸ ਨੇ ਆਖਿਆ ਹੈ ਉਸੇ ਤਰ੍ਹਾਂ ਆਖੀਏ।

7 ਹੁਣ ਆਓ ਅਸੀਂ ਏਥੇ ਇੱਕ ਯਾ ਦੋ ਆਇਤਾਂ, ਰੱਸੂਲ ਦੇ ਕਰਤੱਬ ਦੀ ਕਿਤਾਬ ਦੇ 7 ਵੇਂ ਪਾਠ ਦੀ 44 ਵੀਂ ਆਇਤ ਤੋਂ ਪੜ੍ਹ ਕੇ ਸ਼ੁਰੂ

ਕਰੀਏ।

ਸਾਖੀ ਦਾ ਤੰਬੂ ਉਜਾੜ ਵਿਚ ਸਾਡੇ ਪਿਓ ਦਾਦਿਆਂ
ਦੇ ਕੋਲ ਸੀ ਜਿਵੇਂ ਉਸ ਨੇ ਆਗਿਆ ਦਿੱਤੀ ਜਿਨ
ਮੂਸਾ ਨੂੰ ਆਖਿਆ ਸੀ ਭਾਈ ਉਹ ਨੂੰ ਉਸ ਖਾਕੇ ਉੱਤੇ ਬਣਾ
ਜੋ ਤੈਂ ਵੇਖਿਆ ਹੈ।
ਅਤੇ ਉਸ ਨੂੰ ਸਾਡੇ ਪਿਉ ਦਾਦੇ ਅਗਲਿਆਂ ਤੋਂ ਪਾ ਕੇ
ਯਹੋਸ਼ੁਆ ਦੇ ਨਾਲ ਤਦ ਐੱਥੇ ਲਿਆਏ ਜਦ ਉਹਨਾਂ ਕੌਮਾਂ
ਦੀ ਮਿਲਖ ਪਾਈ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਸਾਡੇ ਪਿਉ ਦਾਦਿਆਂ
ਦੇ ਅੱਗਿਓਂ ਕੱਢ ਦਿੱਤਾ ਅਤੇ ਉਹ ਦਾਊਦ ਦੇ ਦਿਨਾਂ
ਤੀਕ ਰਿਹਾ।

8
ਉਹ ਨੇ ਪਰਮੇਸ਼ੁਰ ਦੇ ਹਜ਼ੂਰੋਂ ਕਿਰਪਾ ਪਾ ਕੇ ਚਾਹਿਆ ਜੋ ਯਾਕੂਬ
ਦੇ ਪਰਮੇਸ਼ੁਰ ਲਈ ਇੱਕ ਅਸਥਾਨ ਬਣਾਵੇ।
ਪਰ ਸੁਲੇਮਾਨ ਨੇ ਉਹ ਦੇ ਲਈ ਇੱਕ ਭਵਨ ਬਣਾਇਆ!
ਪਰ ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ
ਵਿਚ ਨਹੀਂ ਵੱਸਦਾ
ਜਿਵੇਂ ਨਬੀ ਕਹਿੰਦਾ ਹੈ।

9
ਆਕਾਸ਼ ਮੇਰਾ ਸਿੰਘਾਸਣ,
ਅਤੇ ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ
ਤੁਸੀਂ ਮੇਰੇ ਲਈ ਕਿਹੋ ਜਿਹਾ ਭਵਨ ਬਣਾਓਗੇ,
ਪ੍ਰਭੂ ਆਖਦਾ ਹੈ,
ਜਾਂ ਕਿਹੜਾ ਥਾਂ ਮੇਰੇ ਆਰਾਮ ਦਾ ਹੈ?

ਕੀ ਮੇਰੇ ਹੱਥਾਂ ਨੇ ਇਹ ਸਭ ਵਸਤਾਂ ਨਹੀਂ ਬਣਾਈਆਂ?

ਇਸ ਤੇ ਬਚਨ ਦੇ ਪੜ੍ਹੇ ਜਾਣ ਤੇ, ਭਾਈ ਪੈਰੀ ਦੇ ਸਵੇਰ ਦੇ ਸੰਦੇਸ਼ ਲਿਆਉਣ ਤੋਂ ਪਹਿਲਾਂ, ਮੈਂ ਕੁਝ ਕੁ ਸ਼ਬਦ ਕਹਿਣਾ ਚਾਹਾਂਗਾ।

10 ਮੈਨੂੰ ਇਹ ਮਹਾਨ ਸਮਿਆਂ ਵਿੱਚੋ ਇਹ ਇੱਕ ਸਮਾਂ ਟੂਸਨ ਦੀ ਮੁਲਾਕਾਤ ਲਈ ਮਿਲਿਆ ਹੈ। ਮੈਂ ਇਸ ਅਸਥਾਨ ਤੇ ਆਇਆ ਹਾਂ, ਕਿਉਂ ਜੋ ਮੈਨੂੰ ਇਸ ਥਾਂ ਤੇ ਲਿਆਂਦਾ ਗਿਆ ਹੈ। ਮੈਂ ਏਥੇ ਇਸ ਲਈ ਆਇਆ ਹਾਂ ਕਿਉਂ ਜੋ ਪਵਿੱਤਰ ਆਤਮਾਂ ਨੇ ਦਰਸ਼ਨ ਰਾਹੀਂ ਮੈਨੂੰ ਭੇਜਿਆ ਹੈ। ਮੈਂ ਜਾਣਦਾ ਹਾਂ ਹੋ ਸਕਦਾ ਹੈ ਇਹ ਅਜੀਬ ਲੱਗੇ, ਹੋ ਸਕਦਾ ਹੈ। ਪਰ ਉਹਨੂੰ, ਜਿਥੋਂ ਤੱਕ ਮੈਂ ਖੁਦਾ ਬਾਰੇ ਕਿਸੇ ਵੀ ਗੱਲ ਨੂੰ ਜਾਣਦਾ ਹਾਂ। ਮੈਂ ਦਰਸ਼ਨ ਰਾਹੀਂ ਹੀ ਟੂਸਨ ਭੇਜਿਆ ਗਿਆ ਸਾਂ। ਮੈਂ ਹੈਰਾਨ ਹਾਂ ਕਿ ਮੈਂ ਇਸ ਜੰਗਲ ਵਾਲੇ ਅਸਥਾਨ ਤੇ ਕਿਉਂ ਭੇਜਿਆ ਗਿਆ ਸਾਂ। ਅਤੇ ਫਿਰ ਏਥੇ ਅਤੇ ਜਿਥੇ ਕਿਤੇ ਵੀ...

11 ਪਰ ਫੇਰ ਮੈਂ ਬਾਈਬਲ ਵਿਚੋਂ ਪੜ੍ਹਿਆ, ਕਿ ਖੁਦਾ ਨੇ ਮੂਸਾ ਨੂੰ ਆਪਣੇ ਪ੍ਰੇਮੀਆਂ ਅਤੇ ਉਸ ਦੇ ਸਕਿਆਂ ਵਿਚੋਂ ਕਿਥੇ ਭੇਜਿਆ, ਉਸ ਨੂੰ ਜੰਗਲ ਅੰਦਰ ਬਾਈਬਲ ਦੀ ਬਿਵਸਥਾ ਲਿਖਣ ਨੂੰ ਭੇਜਿਆ ਸੀ। ਉਹ ਪੁਰਾਣਾ ਨੇਮ ਉੱਤਪਤ, ਲੇਵੀਆਂ ਦੀ ਪੋਥੀ , ਅਤੇ ਬਿਵਸਥਾਸਾਰ, ਕੂਚ, ਪਹਿਲੀਆਂ ਚਾਰ ਕਿਤਾਬਾਂ ਸਨ। ਉਹ ... ਮੈਂ ਇਹਨਾਂ ਨੂੰ ਕਦੇ ਲੜੀਵਾਰ ਨਹੀਂ ਬੋਲਿਆ, ਪਰ ਇਹ ਚਾਰ ਕਿਤਾਬਾਂ ਹਨ। ਪਰ ਅਸਲ ਵਿਚ ਇਹ ਪੁਰਾਣਾ ਨੇਮ ਹਨ। ਕਿਉਂ ਜੋ ਬਾਕੀ ਸੱਭ ਜੋ ਕੁਝ ਨਬੀਆਂ ਨੇ ਬੋਲਿਆ ਸੀ, ਦਾਊਦ ਦੇ ਜਬੂਰਾਂ ਅੰਦਰ ਆਦਿ, ਪਰ ਰਾਜਿਆਂ ਦੀ ਪੁਸਤਕ, ਪਰ ਇਹ ਹੈ ਪੁਰਾਣੇ ਨੇਮ ਦਾ ਮੌਲਿਕ ਅਧਿਕਾਰ। ਆਪਣੇ ਦੇਸ਼ ਤੋਂ ਬਾਹਰ ਬੁਲਾਏ ਜਾਣ ਤੋਂ ਬਾਅਦ ਜਿਸ ਅਸਥਾਨ ਤੇ ਉਸ ਦਾ ਜਨਮ ਹੋਇਆ ਅਤੇ ਉਸ ਦੇ ਆਪਣੇ ਲੋਕਾਂ ਵਿਚਕਾਰ ਪਲਿਆ ਉਥੋਂ ਉਹ ਜੰਗਲ ਵਿਚ ਘੱਲਿਆ ਗਿਆ ਸੀ ਕਿ ਇਸ ਪੁਰਾਣੇ ਨੇਮ ਦੀਆਂ ਕਿਤਾਬਾਂ ਨੂੰ ਲਿਖੇ, ਤੇ ਉਸ ਨੇ ਲਿਖਿਆ

ਸੀ।

12 ਫੇਰ ਮੈਂ ਵੇਖਿਆ ਹੈ ਕਿ ਨਵੇਂ ਨੇਮ ਦੀ ਕਿਤਾਬ , ਜਿਸ ਦਾ ਰਚਨ ਵਾਲਾ, ਜਾਂ ਨਾ ਕਿ ਰਚਨਹਾਰਾ ਪਰ ਨਵੇਂ ਨੇਮ ਦਾ ਲਿਖਾਰੀ ਪੌਲੁਸ ਹੈ। ਉਹ ਵੀ ਪਵਿੱਤਰ ਆਤਮਾ ਰਾਹੀਂ ਆਪਣੇ ਲੋਕਾਂ ਵਿਚੋਂ ਬਾਹਰ ਕੱਢਿਆ ਗਿਆ ਅਤੇ ਅਰਬ ਵਿਚ ਪਹੁੰਚਾ ਦਿੱਤਾ ਗਿਆ ਸੀ, ਜਿਸ ਸਥਾਨ ਤੇ ਉਹ ਆਸਮਾਨੀ ਇਲਹਾਮ ਨੂੰ ਪ੍ਰਾਪਤ ਕਰਨ ਲਈ ਸਾਢੇ ਤਿੰਨ ਸਾਲ ਰਿਹਾ ਸੀ ਅਤੇ ਨਵੇਂ ਨੇਮ ਦਾ ਉਚ ਲਿਖਾਰੀ ਪੌਲੁਸ ਹੈ। ਮੱਤੀ, ਮਰਕਸ ਲੂਕਾ ਅਤੇ ਯੂਹੰਨਾ ਵੀ ਲਿਖਾਰੀ ਹਨ, ਪਰ ਉਹ ਗਰੰਥੀ ਹਨ, ਬਸ ਉਹਨਾਂ ਉਹ ਹੀ ਲਿਖਿਆ ਸੀ ਜੋ ਉਹਨਾਂ ਨੇ ਯਿਸੂ ਦੇ ਨਾਲ ਰਹਿੰਦੇ ਹੋਏ ਸੁਣਿਆ ਸੀ। ਤੁਸੀਂ ਤਿਮੋਥਿਉਸ ਅਤੇ ਰੋਮੀਆਂ ਨੂੰ ਪੱਤਰੀ ਅਤੇ ਇਬਰਾਨੀਆਂ ਦੀ ਪੁਸਤਕ ਆਦਿ ਨੂੰ ਲਵੋ, ਪੋਲੂਸ ਨੇ ਨਵੇਂ ਨੇਮ ਨੂੰ ਲਿਖਣ ਲਈ ਦੈਵੀ ਪ੍ਰੇਰਨਾ ਹਾਸਲ ਕੀਤੀ, ਸਾਰੇ ਪੁਰਾਣੇ ਨੇਮ ਨੂੰ ਪਰਛਾਵੇਂ ਵਾਂਗ ਲੈ ਕੇ ਉਸ ਨੂੰ ਤਰਤੀਬ ਨਾਲ ਲਿੱਖ ਦਿੱਤਾ । ਅਤੇ ਖੁਦਾ ਨੇ ਇਸ ਨੂੰ ਆਦਰ ਨਾਲ ਲਿਆ, ਅਤੇ ਇਸ ਨੂੰ ਨਵਾਂ ਨੇਮ ਬਣਾ ਦਿੱਤਾ।

13 ਅਤੇ ਹੁਣ ਜੇ ਕਰ ਪੁਰਾਣਾ ਨੇਮ ਲਿਖਾਰੀ ਰਾਹੀਂ ਲਿਖਿਆ ਜਾਣਾ ਸੀ... ਤਾਂ ਲਿਖਾਰੀ ਨੂੰ ਆਪਣੇ ਲੋਕਾਂ ਤੋਂ ਦੂਰ ਕਰਕੇ ਜੰਗਲ ਵਿੱਚ ਰੱਬੀ ਇਲਹਾਮ ਪਾਉਣ ਲਈ, ਘੱਲਣਾ ਪੈਣਾ ਸੀ। ਕਿ ਪੁਰਾਣਾ ਨੇਮ ਲਿਖੇ। ਅਤੇ ਨਵੇਂ ਨੇਮ ਅੰਦਰ ਲਿਖਾਰੀ ਨੂੰ ਮਾਲਕ ਨੇ ਬਾਹਰ ਜੰਗਲ ਵਿਚ ਕੱਢ ਲਿਆਂਦਾ ਤਾਂ ਜੋ ਨਵੇਂ ਨੇਮ ਨੂੰ ਲਿਖਣ ਲਈ ਇਲਹਾਮ ਪਾਵੇ। ਅਤੇ ਕਿਤਾਬਾਂ ਸੱਤਾਂ ਮੋਹਰਾਂ ਨਾਲ ਬੰਦ ਕੀਤੀਆਂ ਹੋਈਆਂ ਹਨ। ਉਸੇ ਪ੍ਰਕਾਰ ਹੀ ਮੰਗ ਕੀਤੀ ਜਾਵੇਗੀ, ਮੇਰੀ ਨਿਹਚਾ ਹੈ ਇਹਨਾਂ ਦਿਨਾਂ ਅੰਦਰ ਉਹਨਾਂ ਮੋਹਰਾਂ ਨੂੰ ਪ੍ਰਗਟ ਕਰਨ ਦੀ ਲੋੜ ਹੈ। ਕਿ ਉਹ ਜੋ ਤੁਹਾਡੇ ਲੇਖੇ ਮਹਿੰਗ ਮੁੱਲਾ ਹੈ, ਜਿਸ ਦੀ ਤੁਸੀਂ ਦਿਲ ਵਿਚ ਆਸ ਬਣਾਈ ਰੱਖੀ ਹੈ ਛੱਡ ਦੇਵੋ ਅਤੇ ਉਹ ਛੋਟਾ ਘਰ ਜੋ ਲੋਕਾਂ ਨੇ ਮੈਨੂੰ ਦਿੱਤਾ ਹੈ, ਅਤੇ ਮੇਰੇ ਸਾਰੇ ਮਿਤ੍ਰਾਂ ਅਤੇ ਆਪਣੇ ਲੋਕਾਂ ਵਿਚਕਾਰ, ਅਤੇ ਇੱਕ ਕਲੀਸੀਆਂ ਅੰਦਰ ਜੋ ਕਿ ਵੱਧ ਰਹੀ ਹੈ,ਅਤੇ ਕੁਝ ਘਾਟਾ ਨਹੀਂ ਹੈ, ਉਹ ਨੂੰ ਛੱਡਣ ਲਈ , ਉਸ ਵਿਚੋਂ ਠੀਕ ਬਾਹਰ ਆਉਣ

ਲਈ , ਨਿਕਲ ਕੇ ਇਕ ਜੰਗਲ ਅੰਦਰ ਆਵਾਂ ਜਿਸ ਅਸਥਾਨ ਤੇ ਤੁਸੀਂ ਕਿਸੇ ਨੂੰ ਵੀ ਨਹੀਂ ਜਾਣਦੇ , ਅਤੇ ਹਰੇਕ ਗੱਲ ਤੁਹਾਡੇ ਵਿਰੁੱਧ ਹੈ।

14 ਪਰ ਇਸੇ ਵਿਚ ਕੁਝ ਖੁਦਾ ਬਾਰੇ ਹੈ, ਜਿਸ ਥਾਂ ਤੇ ਉਹ ਇੱਕ ਮਨੁੱਖ ਨੂੰ ਬਾਹਰ ਕੱਢਦਾ ਹੈ ਜੋ ਉਸ ਮਨੁੱਖ ਦੀ ਆਪਣੀ ਸੋਚ ਤੋਂ ਬਾਹਰ ਹੁੰਦਾ ਹੈ। ਇਸ ਲਈ ਇਹ ਖੁਦਾ ਦੇ ਜਲਾਲ ਅਤੇ ਮਹਿਮਾ ਲਈ ਹੋ ਸਕਦਾ ਹੈ, ਅਤੇ ਮੈਂ ਮਹਿਸੂਸ ਕਰਦਾ ਹਾਂ, ਆਪਣੀ ਵਡਿਆਈ ਲਈ ਨਹੀਂ ਪਰ ਮੈਂ ਮਹਿਸੂਸ ਕਰਦਾ ਹਾਂ ਇਹ ਇਕ ਮੌਕਾ ਸੀ ਆਪਣੀ ਹਰੇਕ ਚੀਜ ਨੂੰ ਛੱਡਣ ਦਾ ਜੋ ਵੀ ਮੇਰੇ ਲਈ ਪਿਆਰੀ ਸੀ, ਤਾਂ ਜੋ ਇਸ ਜੰਗਲ ਵਿਚ ਆਵਾਂ ਜਾਂ ਸੁੰਨਸਾਨ ਥਾਂ ਅੰਦਰ। ਪਰ ਮੇਰੀ ਨਿਹਚਾ ਹੈ ਇਸ ਤਰ੍ਹਾਂ ਕਰਨ ਨਾਲ, ਅਤੇ ਜੋ ਖੁਦਾ ਚਾਹੁੰਦਾ ਹੈ ਕਿ ਕੀਤਾ ਜਾਏ ਉਹ ਦੀ ਆਗਿਆਕਾਰੀ ਨਾਲ, ਖੁਦਾ ਨੇ ਇਸ ਅੰਤਲੇ ਦਿਨ ਵਿਚ ਸਾਡੇ ਲਈ ਭੇਤ ਖ੍ਹੋਲ ਦਿੱਤੇ ਹਨ। ਅਤੇ ਅਸੀਂ ਏਥੇ ਇਹ ਸੰਦੇਸ਼ ਅੰਦਰ ਪਾਏ ਜਾਂਦੇ ਹਾਂ।

15 ਹੁਣ ਬਹੁਤ ਲੋਕ ਮੇਰੇ ਪਿੱਛੇ ਲੱਗੇ ਹੋਏ ਸਨ, ਅਤੇ ਇਸ ਪਰਕਾਰ ਆਮ ਕਰਕੇ ਹੁੰਦਾ ਨਹੀਂ ਹੈ, ਆਮ ਤੌਰ ਤੇ ਇੱਕ ਮਨੁੱਖ–ਅਸੀਂ... ਲੋਕ ਇਕ ਦੂਸਰੇ ਨੂੰ ਪਿਆਰ ਕਰਦੇ ਹਾਂ, ਅਤੇ ਇਹ ਹੁੰਦਾ ਹੈ, ਪਿਆਰ ਖਿੱਚ ਕਰਦਾ ਹੈ ਕਿ ਉਹ ਕੰਮ ਜਿਨ੍ਹਾਂ ਨੂੰ ਤੁਸੀਂ ਸੋਚੋ ਵੀ ਨਾ ਉਹੋ ਕਰੋ। ਅਤੇ ਤੁਸਾਂ ਬਹੁਤਿਆਂ ਨੇ ਆਪਣੇ ਘਰ ਛੱਡ ਦਿੱਤੇ ਹਨ, ਤੁਸਾਂ ਸੱਭ ਛੱਡ ਦਿੱਤਾ ਹੈ, ਬੱਸ ਇਸੇ ਜੰਗਲ ਅੰਦਰ ਆ ਜਾਣ ਲਈ ਛੱਡ ਦਿੱਤਾ ਹੈ।

ਮੈਨੂੰ ਬਹੁਤਿਆਂ ਨੇ ਬੁਲਾ ਕੇ ਪੁਛਿਆ,"ਕੀ ਅਸੀਂ ਅਰੀਜੋਨਾ ਅੰਦਰ ਆ ਜਾਈਏ? ਕੀ ਇਹ ਸਾਡੇ ਲਈ ਠੀਕ ਜਗ੍ਹਾ ਹੋਵੇਗੀ?" ਖੈਰ, ਜਿਸ ਪਰਕਾਰ ਇਹ ਮੂਸਾ ਅਤੇ ਉਹਨਾਂ ਬਾਰੇ ਦੱਸਿਆ ਗਿਆ ਸੀ, ਇਹ ਸਥਾਨ ਫਲਾਂ ਵਾਲਾ , ਨਾ ਹੀ ਅਨਾਰ ਵਾਲਾ ਸੀ।

16 ਇਸ ਸਥਾਨ ਅੰਦਰ ਬਹੁਤ ਕੰਮ ਕਰਨ ਲਈ ਨਹੀਂ ਹੈ,

ਅਤੇ ਰਹਿਣਾ ਮਹਿੰਗਾ ਹੈ, ਅਤੇ ਰਹਿਣ ਦੇ ਖਰਚੇ ਮਹਿੰਗੇ ਹਨ, ਸੱਚੀ ਗੱਲ ਹੈ ਰਹਿਣ ਵਾਸਤੇ ਮਹਿੰਗਾਈ ਹੈ, ਅਤੇ ਟੂਸਨ ਅਰੀਜੋਨਾ ਅੰਦਰ ਕਮਾਈ ਘੱਟ ਹੈ, ਅਤੇ ਖਾਣਾ ਬਹੁਤ ਮਹਿੰਗਾ ਹੈ। ਕਿਰਾਏ ਅਤੇ ਇਸ ਢੰਗ ਨਾਲ ਰਹਿਣ ਵਾਸਤੇ ਬਹੁਤ ਮਾੜਾ ਸਥਾਨ ਹੈ। ਪਰ ਇਹ ਸਿਹਤਮੰਦ ਅਤੇ ਖੁਸ਼ਕ ਸਥਾਨ ਹੈ। ਅਤੇ ਸਾਨੂੰ ਕਿਸੇ ਵੇਲੇ ਵੀ ... ਸਾਨੂੰ ਬਿਲਕੁਲ ਆਪਣੇ ਦਿਮਾਗ ਨੂੰ ਧਰਤੀ ਦੀਆਂ ਚੀਜਾਂ ਵਰਗੇ ਬਣਾਉਣਾ ਨਹੀਂ ਚਾਹੀਦਾ।

17. ਸਾਨੂੰ ਜਰੂਰ ਪਵਿੱਤਰ-ਆਤਮਾ ਦੀ ਇਕ ਅਗਵਾਹੀ ਨੂੰ ਭਾਲਣਾ ਹੈ। ਪਰ ਇੱਕ ਚੀਜ਼ ਹੈ ਜੋ ਮੈਨੂੰ ਇਸ ਸਥਾਨ ਅੰਦਰ ਆਉਣ ਲਈ ਮੁਸ਼ਕਲ ਲਗਦੀ ਹੈ, ਕਿ ਲੋਕਾਂ ਨੂੰ ਦੱਸਾਂ,"ਤੁਹਾਨੂੰ ਆਉਣਾ ਚਾਹੀਦਾ ਹੈ ਜਾਂ ਨਹੀਂ ਆਉਣਾ ਚਾਹੀਦਾ।" ਠੀਕ ਹੈ, ਉਹ ਮੈਂ ਤੁਹਾਡੇ ਹਰੇਕ ਲਈ ਨਿਜੀ ਢੰਗ ਨਾਲ ਛੱਡ ਦਿੰਦਾ ਹਾਂ, ਜਿਸ ਪਰਕਾਰ ਵੀ ਖੁਦਾ ਤੁਹਾਡੀ ਨਿਜੀ ਢੰਗ ਨਾਲ ਅਗਵਾਹੀ ਕਰੇ। ਮੈਂ ਸੋਚਦਾ, ਸਾਨੂੰ ਹਰੇਕ ਨੂੰ ਉਹੋ ਕਰਨਾ ਚਾਹੀਦਾ ਹੈ ਜਿਸ ਤਰਾਂ ਦੀ ਆਤਮਾ ਸਾਡੀ ਅਗਵਾਹੀ ਕਰੇ।

ਅਤੇ ਤੁਹਾਡੇ ਵਿਚੋਂ ਬਹੁਥੇਰੇ ਜਫ਼ਰਸਨਵਿਲੇ ਦੇ ਚਾਰੋ ਪਾਸੇ, ਅਤੇ ਉਸ ਸਥਾਨ ਦੀ ਮੰਢਲੀ ਦੇ ਲੋਕ ਹੋ ਅਤੇ ਤੁਸੀਂ ਏਥੇ ਆਏ ਹੋ। ਹੁਣ ਮੈਨੂੰ ਜੋ ਗੱਲ ਔਖਿਆਂ ਕਰਦੀ ਹੈ, ਇੱਕ ਭਗਤੀ ਦਾ ਸਥਾਨ ਸੀ।

18. ਅਤੇ ਮੈਂ ਮੰਨਦਾ ਹਾਂ, ਜਿਸ ਤਰ੍ਹਾਂ ਮੈਂ ਇਥੇ ਵਚਨ ਵਿੱਚੋਂ ਅਸਤਿਫਨਾਸ ਅਤੇ ਉਸ ਦੀ ਮੌਤ ਬਾਰੇ ਪਤਾ ਦਿੱਤਾ ਗਿਆ ਪੜ੍ਹਿਆ ਹੈ ਕਿ ਉਹਨਾਂ ਨੇ, ਉਸਦੇ ਸੰਦੇਸ਼ ਪੇਸ਼ ਕਰਨ ਦੇ ਬਾਦ ਠੀਕ ਉਸੇ ਵੇਲੇ ਉਸ ਨੂੰ ਪਥਰਾਓ ਕੀਤਾ ਸੀ। ਜਿਸ ਪ੍ਰਕਾਰ ਉਹ ਬੋਲ ਰਿਹਾ ਸੀ,"ਸਾਡੇ ਪੇਵਾਂ",ਪਹਿਲਿਆਂ ਦਿਨਾਂ ਅੰਦਰ ਇਬਰਾਨੀਆ ਬਾਰੇ ਗੱਲ ਕਰਦੇ, ਉਸ ਦੱਸਿਆ, ਉਹਨਾਂ ਨੇ ਖੁਦਾ ਦੇ ਹਜ਼ੂਰੋਂ ਕ੍ਰਿਪਾ ਪਾਈ ਕਿ ਭਗਤੀ ਲਈ ਇਕ ਸਥਾਨ ਬਣਾਉਣ। ਉਸ ਦੱਸਿਆ ਕਿ, "ਸੁਲੇਮਾਨ ਨੇ ਉਸ ਲਈ ਇੱਕ ਘਰ ਜਾਂ ਇੱਕ ਭਵਨ ਬਣਾਇਆ।" ਅਸੀਂ ਕਹਾਣੀ ਨੂੰ ਜਾਣਦੇ ਹਾਂ।

19 ਪਰ ਮੈਂ ਉਸ ਦੇ ਅਗਲੇ ਸ਼ਬਦਾਂ ਨੂੰ ਪਸੰਦ ਕਰਦਾ ਹਾਂ,"ਪਰ ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ ਵਿਚ ਨਹੀਂ ਵੱਸਦਾ,"ਅਤੇ ਦੂਸਰੇ ਸਥਾਨ ਤੇ ਯਸਾਯਾਹ ਅੰਦਰ ਦੱਸਿਆ ਹੈ, "ਤੂੰ ਮੇਰੇ ਲਈ ਇਕ ਬਦਨ ਤਿਆਰ ਕੀਤਾ ਹੈ।" ਵੇਖੋ ਕੁਰਬਾਨੀ ਭੇਟਾਂ ਅਤੇ ਹੈਕਲਾਂ ਅਤੇ ਹੋਰ ਚੀਜਾਂ, ਪਰ ਤੂੰ ਮੇਰੇ ਲਈ ਇਕ ਬਦਨ ਤਿਆਰ ਕੀਤਾ ਹੈ, ਵੇਖੋ ਕੁਰਬਾਨੀ, ਭੇਟਾਂ ਅਤੇ ਹੈਕਲਾਂ ਅਤੇ ਹੋਰ ਚੀਜ਼ਾਂ, "ਪਰ ਤੂੰ ਮੇਰੇ ਲਈ ਇਕ ਬਦਨ ਤਿਆਰ ਕੀਤਾ ਹੈ।" ਖੈਰ, ਅਸੀ ਮੰਨਦੇ ਹਾਂ ਉਹ ਉਸ ਹੈਕਲ ਦੀ ਗੱਲ ਕਰ ਰਿਹਾ ਸੀ, ਜਿਸ ਮਸੀਹ ਦੀ ਦੇਹੀ ਅੰਦਰ ਖੁਦਾ ਨੇ ਵਾਸ ਕੀਤਾ।

20 ਪਰ ਮੇਰੀ ਨਿਹਚਾ ਹੈ ਜੋ ਅੱਜ ਭਾਈ ਅਤੇ ਭੈਣ ਗਰੀਨ ਨੂੰ ਏਥੇ ਪਹੁੰਚਣ ਬਾਰੇ ਇਲਹਾਮ ਮਿਲਿਆ ਹੈ, ਕਿ ਉਹ ਪੂਰਬ ਵੱਲੋ ਜੋ ਕਿ ਟੈਕਸਾਸ ਦੇ ਪਿਛਲੇ ਪਾਸਿਓ ਆਪਣੇ ਅਸਥਾਨ ਨੂੰ ਛੱਡ ਕੇ ਇਸ ਜਗ੍ਹਾ ਪਹੁੰਚ ਕੇ ਜਿਸ ਥਾਂ ਕੁਝ ਨਹੀਂ ਹੈ, ਇਸ ਥਾਂ ਤੋਂ ਕੇਵਲ ਰੱਬ ਦੀ ਪਰੇਰਨਾ ਨਾਲ ਸ਼ੁਰੂਆਤ ਕਰਨ, ਇਹ ਮਹਿਸੂਸ ਕਰਦੇ ਹੋਏ ਕਿ ਇਹ ਉਹਨਾਂ ਨੂੰ ਸ਼ੁਰੂ ਕਰਨਾ ਚਾਹੀਦਾ ਹੈ।ਮੈਂ ਉਹਨਾਂ ਮਨੁੱਖਾਂ ਦੀ ਕਦਰ ਕਰਦਾ ਹਾਂ ਜੋ ਮਸੀਹ ਦੀ ਅਗੁਵਾਹੀ ਪਿੱਛੇ ਚੱਲਦੇ ਹਨ, ਚਾਹੇ ਉਨ੍ਹਾਂ ਨੂੰ ਮਹਿੰਗਾ ਮੁੱਲ ਤਾਰਨਾ ਪਵੇ।

21 ਚਾਹੇ ਸਾਰਾ ਸੰਸਾਰ, ਹੋ ਸਕਦਾ ਤੁਹਾਡੇ ਪੱਕੇ ਮਿੱਤਰ, ਸੋਚਣ ਕਿ ਤੁਸੀ ਗਲਤ ਹੋ ਪਰ ਇਹ ਤੁਹਾਡੇ ਵਾਸਤੇ ਗਲਤ ਨਹੀਂ ਹੁੰਦਾ ਹੈ, ਜਦ ਤਕ ਤੁਸੀਂ ਮਹਿਸੂਸ ਕਰਦੇ ਹੋ ਕਿ ਇਸ ਦੇ ਪਿਛੇ ਕੁਝ ਹੈਗਾ ਹੈ, ਇਹ ਖੁਦਾ ਤੁਹਾਨੂੰ ਚਲਾ ਰਿਹਾ ਹੁੰਦਾ ਹੈ, ਇਹ ਕਦੀ ਵੀ ਗਲਤ ਨਹੀਂ ਹੁੰਦਾ, ਇਹ ਸਦਾ ਲਈ ਸਭ ਠੀਕ ਹੋਵੇਗਾ।

22 ਮੈਂ ਮੰਨਦਾ ਹਾਂ ਬਹੁਤ ਸਾਲ ਪਹਿਲਾਂ ਸੇਵਾ ਲਈ ਬੁਲਾਇਆ ਗਿਆ ਸਾਂ, ਮੈਂ ਕਦੇ ਭੀ ਕਾਮਯਾਬ ਪਾਸਟਰ ਨਹੀਂ ਬਣਿਆ। ਕਿਉਂ ਜੋ ਮੇਰੇ ਅੰਦਰ ਤੁਰਨ ਫਿਰਨ ਵਾਲਾ ਘੁੰਮਣਵਾਲਾ ਆਤਮਾ ਹੈ। ਮੈਂ

ਕਦੇ ਵੀ ਕਿਸੇ ਅਸਥਾਨ ਤੇ ਟਿੱਕੇ ਰਹਿ ਕੇ ਸੰਤੁਸ਼ਟ ਨਹੀਂ ਹੋਇਆ। ਬਸ ਜਿਸ ਥਾਂ ਵੀ ਆਤਮਾ ਜੁੰਮਬਸ਼ ਮਾਰਦਾ ਹੈ, ਬਸ ਮੈਂਨੂੰ ਉਸੇ ਨਾਲ ਉਹੋ ਹੀ ਕਰਨਾ ਹੁੰਦਾ ਹੈ, ਕਿਉਂ ਜੋ ਮੇਰੇ ਪਾਸ ਇੱਕ ਸ਼ੰਦੇਸ ਹੈ। ਯਿਸੂ ਨੇ ਆਖਿਆ ਹੈ,"ਮੈਨੂੰ ਜਰੂਰੀ ਹੈ ਕਿ ਇਹਨਾਂ ਦੂਸਰੇ ਸ਼ਹਿਰਾਂ ਅੰਦਰ ਵੀ ਪਰਚਾਰ ਕਰਾਂ।"

23 ਪਰ ਉਥੇ ਉਹ ਵੀ ਹਨ, ਜੋ ਚਰਵਾਹੇ ਹਨ ਉਹ ਗੱਲੇ ਦੀ ਰਾਖੀ ਕਰਦੇ ਹਨ। ਮੈਂ ਏਨਾਂ ਖੁਸ਼ ਹਾਂ ਕਿ ਭਾਈ ਪੈਰੀ ਪਵਿੱਤਰ-ਆਤਮਾ ਦੀ ਅਗਵਾਹੀ ਮਗਰ ਚੱਲਿਆ ਹੈ ਅਤੇ ਅੱਜ ਸਾਡੇ ਪਾਸ ਇੱਕ ਡੇਰਾ ਹੈ, ਇਹ ਛੋਟਾ ਹੀ ਹੈ, ਇਹ ਸ਼ੁਰੂ ਕਰਨ ਲਈ ਕਾਫੀ ਠੀਕ ਹੈ ਕਿ ਵੇਖਿਆ ਜਾਏ ਪਵਿੱਤਰ ਆਤਮਾ... ਪਤਾ ਨਾ ਹੋਣ ਤੇ, ਬੱਸ ਆਓ ਅਸੀਂ ਕਦਮ-ਕਦਮ ਕਰਕੇ ਅੱਗੇ ਵਧੀਏ। ਹੁਣ ਮੇਰੀ ਨਿਹਚਾ ਹੈ ਜੇ ਕਰ ਖੁਦਾ ਨੇ ਭਾਈ ਅਤੇ ਭੈਣ ਗਰੀਨ ਨਾਲ ਗੱਲ ਕੀਤੀ ਹੈ ਕਿ ਏਥੇ ਆਉਣ, ਅਤੇ ਇੱਕ ਸਥਾਨ ਖੋਲ ਦਿੱਤਾ ਹੈ ਜਿਸ ਥਾਂ ਤੇ ਸਾਡੇ ਬੱਚੇ ਸਾਈਕਲਾਂ ਤੇ ਸਵਾਰ ਹੋ ਕੇ ਐਤਵਾਰ ਦੀ ਸਵੇਰ ਨੂੰ ਪਹੁੰਚਣ ਦੇ ਬਜਾਏ, ਅਤੇ ਗਲੀਆਂ ਦੇ ਵਿਚੋਂ ਚਾਰੇ ਪਾਸਿਉਂ ਹੋ ਕੇ ਆਉਣ ਅਤੇ ਸਥਾਨ ਤੇ ਭਗਤੀ ਲਈ ਪਹੁੰਚਣ, ਇਸ ਦੇ ਇਲਾਵਾ ਕਿ ਅਸੀਂ ਬੈਠੇ ਹੋਈਏ ਅਤੇ ਜੋ ਅਸੀ ਸੁਣਿਆ ਹੈ ਉਸੇ ਨੂੰ ਰੇਡਿਓ ਰਾਹੀਂ ਸੁਣਨ, ਜੋ ਕਿ ਠੀਕ ਵੀ ਹੈ।

24 ਪਰ ਸਾਡੇ ਕੋਲ ਅੱਜ ਦੇ ਦਿਨ ਲਈ ਉਸੇ ਪਰਕਾਰ ਸੰਦੇਸ ਹੈ ਜਿਸ ਤਰ੍ਹਾਂ ਇਸ ਮੰਡਲੀ ਕੋਲ ਹੈ, ਅਸੀ ਨਿਹਚਾ ਰੱਖਦੇ ਹਾਂ ਸਾਨੂੰ ਖੁਦਾ ਨੇ ਇਕ ਸੰਦੇਸ਼ ਦਿੱਤਾ ਹੈ। ਅਤੇ ਭਾਈ ਗਰੀਨ ਨੂੰ ਮੈਂ ਆਪਣਾ ਸਹਾਇਕ ਕਹਿਣਾ ਨਹੀਂ ਚਾਹੁੰਦਾ ਹਾਂ। ਖੈਰ ਅਸੀਂ ਇਕ ਤਾਂ ਹਾਂ, ਇਹ ਮੇਰਾ ਸਹਾਇਕ ਵੀ ਹੈ ਅਸੀ ਇਸ ਸੰਦੇਸ ਅੰਦਰ ਇਕੱਠੇ ਹੀ ਹਾਂ। ਭਾਈ ਗਰੀਨ ਓਹੀ ਗੱਲ ਅਤੇ ਸੰਦੇਸ਼ ਨੂੰ ਪਰਚਾਰਦੇ ਹਨ, ਜਿਸ ਵਿਚ ਮੇਰੀ ਨਿਹਚਾ ਹੈ। ਉਸ ਨੇ ਆਪਣਾ ਘਰ ਛੱਡ ਦਿੱਤਾ ਹੈ। ਆਪਣੀ ਕਲੀਸੀਆ ਛੱਡ ਦਿੱਤੀ ਹੈ। ਮੇਰੀ ਨਿਹਚਾ ਹੈ ਕਿ ਉਹ ਜਥੇਬੰਦੀਆਂ ਵਿਚੋਂ ਕਿਸੇ ਇਕ ਦਾ ਸੁਪਰਡੈਂਟ ਸੀ, ਜਦ ਉਸ ਨੇ ਇਹ

ਸੰਦੇਸ਼ ਸੁਣਿਆਂ ਤਾਂ ਸੱਭ ਕੁਝ ਛੱਡ ਦਿੱਤਾ। ਜੋ ਕੁਝ ਉਸ ਨੂੰ ਪਿਆਰਾ ਸੀ, ਛੱਡ ਕੇ ਜੰਗਲ ਵਿਚ ਆ ਕੇ ਬਸ ਹੁਣ ਉਸੇ ਦਾ ਜੋ ਖੁਦਾ ਨੇ ਸਾਨੂੰ ਦਿੱਤਾ ਹੈ ਉਸੇ ਦੀ ਮਦੱਦ ਕਰਨ ਆ ਪਹੁੰਚਾ ਹੈ।

25 ਮੈਂ ਆਖਦਾ ਹਾਂ, ਮੈਂ ਨਿਹਚਾ ਰੱਖਦਾ ਹਾਂ, ਇਹ ਸਿਰਫ ਸਾਡੇ ਮਨ ਅੰਦਰ ਹੀ ਨਹੀਂ ਹੋਣਾ ਚਾਹੀਦਾ, ਇਹ ਸਾਡਾ ਫਰਜ਼ ਹੋਣਾ ਚਾਹੀਦਾ ਹੈ ਕਿ ਉਹ ਨੂੰ ਕਰ ਦਿਖਾਈਏ, ਬੰਦਗੀਆਂ ਅੰਦਰ ਹਾਜ਼ਰ ਹੋਣ ਲਈ, ਇਸ ਸਥਾਨ ਤੇ ਆ-ਕੈ ਭਗਤੀ ਕਰਨ ਲਈ, ਅਤੇ ਇਸ ਜਗਾਹ ਨੂੰ ਅਜੇਹੀ ਜਗ੍ਹਾ ਬਣਾਉਣ ਲਈ ਜਿਥੇ ਖੁਦਾ ਜਿਹੜੀਆਂ ਗੱਲਾਂ ਸਾਡੇ ਤੇਂ ਪਰਗਟ ਕਰਨ ਵਾਲੀਆਂ ਹਨ ਸਾਡੇ ਤੇ ਪਰਗਟ ਕਰ ਸਕਦਾ ਹੈ। ਅਤੇ ਜਿਸ ਪਰਕਾਰ ਉਸ ਦਾ ਬਚਨ ਆਖਦਾ ਹੈ,"ਸੰਦੇਸ਼ ਮੇਰੇ ਪਾਸ ਪਰਕਾਸ ਦਿੱਤੇ ਜਾਣ ਨਾਲ ਨਹੀਂ ਆਇਆ, ਜਿਸ ਤਰ੍ਹਾਂ ਕਿ ਸਾਡੇ ਕੁਝ ਇੱਕ ਕੋਲ ਆਇਆ, ਪਰ ਉਸ ਆਖਿਆ, ਮੈਂ ਏਥੇ ਇਸ ਲਈ ਹਾਂ ਕਿ ਜੋ ਖੁਦਾ ਨੇ ਦਿੱਤਾ ਹੈ ਉਸ ਨੂੰ ਕਰ ਵਿਖਾਵਾਂ।" ਕਿੱਡੀ ਡਾਢੀ ਵਿਆਖਿਆ ਹੈ! ਮੇਰੀ ਨਿਹਚਾ ਹੈ, ਜੇ ਕਰ ਅਸੀਂ ਸਾਰੇ ਇਕੱਠੇ ਹੋ ਜਾਵਾਂਗੇ, ਤਾਂ ਅਸੀਂ ਆਪਣੇ ਮਨ ਲਾ ਕੇ ਕਰਾਂਗੇ।

26 ਮੈਂ ਤੁਹਾਨੂੰ ਹਰੇਕ ਨੂੰ ਜਾਣਦਾ ਹਾਂ, ਜੇ ਕਰ ਤੁਸੀਂ ਉਸੇ ਤਰ੍ਹਾਂ ਮਹਿਸੂਸ ਕਰੋ ਜਿਸ ਪਰਕਾਰ ਮੈਂ ਕਰਦਾ ਹਾਂ, ਮੈਂ ਖੁਦਾ ਦੇ ਆਤਮਾ ਨੂੰ ਕੰਮ ਕਰਦੇ ਵੇਖਣ ਲਈ ਐਨਾ ਪਿਆਸਾ ਹਾਂ, ਕਿ ਬਸ ਮੈਂ ਖੜ੍ਹਾ ਹੀ ਨਹੀਂ ਰਹਿ ਸਕਦਾ। ਕੇਵਲ ਕੁਝ ਤਜਰਬੇ ਮੈਨੂੰ ਪਹਾੜ ਤੇ ਹੋਏ ਹਨ, ਬਸ ਮਹਿਸੂਸ ਕਰਦਾ ਹਾਂ ਕਿ ਇੱਕ ਵਾਰ ਫੇਰ ਹੋਣ, ਕੁਝ ਇਸ ਤਰ੍ਹਾਂ ਕਿ ਜਦ ਸ਼ੁਰੂ ਵਿਚ ਮੈਂ ਤਬਦੀਲ ਹੋਇਆ ਸਾਂ ਮੇਰਾ ਮਨ ਐਨਾ ਆਨੰਦ ਨਾਲ ਭਰਿਆ ਸੀ। ਅਸੀਂ ਇੱਕ ਸਥਾਨ ਤੇ ਆ ਸਕਦੇ ਹਾਂ ਬੈਠ ਕੇ ਅਸੀਂ ਇਸ ਨੂੰ ਆਪਣੇ ਵਿਚਕਾਰ ਵੇਖ ਸਕਦੇ ਹਾਂ ਕਿ ਅਸੀਂ ਖਤਮ ਹੋ ਰਹੇ ਹਾਂ। ਜਿਸ ਪ੍ਰਕਾਰ ਅਸੀਂ ਏਥੇ ਜੰਗਲ ਅੰਦਰ ਬੈਠੇ ਹਾਂ, ਮੈਂ ਆਪਣੇ ਭਾਈਆਂ ਵਿਚਕਾਰ ਪਾਇਆ ਜਾਂਦਾ ਹਾਂ, ਉਹ ਮੇਰੇ ਨਾਲ ਅਤੇ ਮੈਂ ਉਹਨਾਂ ਨਾਲ ਗੱਲਾਂ ਕਰਦਾ ਹਾਂ, ਸਦਾ ਇੱਕ ਛੋਟੇ ਢੰਗ ਨਾਲ

ਧਿਆਨ ਰੱਖਦੇ ਹੋਏ, ਜਿਸ ਤਰ੍ਹਾਂ ਹੁੰਦਾ ਸੀ ਉਸੇ ਪਰਕਾਰ ਆਤਮਾ ਰਾਹੀਂ ਉਸ ਭਾਈ ਦੀ ਗਲਤੀ ਨੂੰ ਵੇਖਣ ਲਈ ਅਨੁਭਵ ਕਰਨ ਲਈ ਕਿ , ਕੀ ਗਲਤੀ ਪਾਈ ਜਾਂਦੀ ਹੈ।

27 ਮੈਂ ਅਨੁਭਵ ਕਰਨਾ ਸ਼ੁਰੂ ਕਰਦਾ ਹਾਂ, ਇਹ ਸਭ ਪਿਛਾਂਹ ਨੂੰ ਝੁਕ ਰਿਹਾ ਅਤੇ ਖੁਦਾ ਦੇ ਆਤਮਾ ਤੋਂ ਦੂਰ ਹੋ ਰਿਹਾ ਹੈ। ਇਹ ਤਾਂ ਸਾਡੇ ਲਈ ਇੱਕ ਕੁਦਰਤੀ ਗੱਲ ਹੀ ਬਣ ਚੁੱਕੀ ਹੈ। ਸਾਨੂੰ ਜਰੂਰ ਆਤਮਾ ਨਾਲ ਭਗਤੀ ਕਰਨੀ ਚਾਹੀਦੀ ਹੈ ਜਿਸ ਸਥਾਨ ਤੇ ਖੁਦਾ ਦਾ ਆਤਮਾ ਹੈ ... ਸਿਰਫ ਸਾਡਾ ਸੰਦੇਸ਼ ਹੀ ਸਮੇਂ ਦੀ ਅੱਗ ਦੀ ਲੰਬ ਨਹੀਂ ਹੋਣਾ ਚਾਹੀਦਾ। ਇਹ ਤਾਂ ਸਾਡੇ ਹਿਰਦੇ ਅੰਦਰ ਅੱਗ ਦੀ ਲੰਬ ਹੋਵੇ, ਵੇਖੋ? ਇਹ ਸਾਡੇ ਹਿਰਦੇ ਅੰਦਰ ਹੋਏ, ਜਾਂ ਅਸੀਂ ਨਹੀਂ ਕਰ ਸਕਦੇ। ਅਸੀ ਸਹੀ ਢੰਗ ਨਾਲ ਲੋਕਾਂ ਸਾਹਮਣੇ ਪੇਸ਼ ਨਹੀਂ ਕਰ ਸਕਦੇ ਹਾਂ। ਇਹ ਆਤਮਾ ਹੀ ਹੈ ਜਿਸ ਨੇ ਸੰਦੇਸ਼ ਦੀ ਆਪ ਸੰਭਾਲ ਕਰਨੀ ਹੈ। ਮੈਂ ਤੁਹਾਨੂੰ ਹਰੇਕ ਨੂੰ ਸੱਚਾ ਮਸੀਹ ਮੰਨਦਾ ਅਤੇ ਤੁਹਾਡਾ ਯਕੀਨ ਕਰਦਾ ਹਾਂ।

ਹੁਣ ਉਹਨਾਂ ਨੂੰ ਸੰਡੇ ਸਕੂਲ ਦੇ ਅਧਿਆਪਕਾ ਦੀ ਲੋੜ ਹੈ, ਉਹਨਾਂ ਨੂੰ ਇੱਕ ਸਟਾਫ (ਅਮਲਾ) ਦੀ ਲੋੜ੍ਹ ਹੈ। ਅਤੇ ਮੈਂ ਐਨੀ ਵਿਆਖਿਆ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਵਿਸਥਾਰ ਨਾਲ ਸਮਝ ਜਾਓਗੇ, ਇਹ ਮੇਰੀ ਕਲੀਸੀਆ ਹੈ।

28 ਮੈਨੂੰ ਏਥੇ ਆਇਆਂ ਤਿੰਨ ਸਾਲ ਹੋ ਚੁੱਕੇ ਹਨ। ਅਤੇ ਮੇਰੇ ਲਈ ਇੱਕ ਹੀ ਦਰਵਾਜਾ ਖੁਲ੍ਹਾ ਸੀ, ਉਹ ਸੀ ਭਾਈ ਮੈਕ ਨੇ ਮੈਨੂੰ ਆਖਿਆ ਆ ਕੇ ਪਰਚਾਰ ਕਰੋ। ਖੁਦਾ ਉਸ ਨੂੰ ਆਸੀਸ ਦੇਵੇ। ਮੈਨੂੰ ਹੋਰ ਲੋਕਾਂ ਵਿਚੋਂ ਕਿਸੇ ਨੇ ਨਹੀਂ ਸੱਦਾ ਦਿੱਤਾ। ਉਹ ਚੰਗੇ ਹਨ, ਉਹਨਾਂ ਵਿਰੁੱਧ ਮੇਰੇ ਕੋਲ ਕਹਿਣ ਨੂੰ ਕੁੱਝ ਨਹੀਂ ਹੈ। ਭਾਈ ਬਰੋਕ ਇੱਕ ਮੇਰਾ ਵੱਧੀਆ ਮਿੱਤ੍ਰ ਹੈ, ਭਾਈ ਗਲਮੋਰ, ਅਤੇ ਏਥੇ ਦੇ ਪੈਂਤੀਕਾਸਟਲ ਬਹੁਤ ਭਾਈ ਮੇਰੇ ਬੜੇ ਗਹਿਰੇ ਦੋਸਤ ਹਨ। ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ, ਉਹਨਾਂ ਵਿਰੁੱਧ ਕੁਝ ਨਹੀਂ ਹੈ। ਮੈਂ

ਉਹਨਾਂ ਦੀ ਹਾਲਤ ਜਾਣਦਾ ਹਾਂ। ਉਹ ਆਪਣੀ ਜਥੇਬੰਦੀ ਅੰਦਰ ਹਨ ਅਤੇ ਉਹ ਮੈਨੂੰ ਉਥੇ ਸੱਦਾ ਨਹੀਂ ਦੇ ਸਕਦੇ ਹਨ। ਵੇਖੋ, ਕਿਉਂ ਜੋ, ਜੇ ਕਰ ਉਹ ਬੁਲਾਉਂਦੇ ਹਨ ਤਾਂ ਉਹ ਬਾਹਰ ਕੱਢ ਦਿੱਤੇ ਜਾਂਦੇ ਹਨ। ਇਸ ਲਈ ਤੁਸੀਂ ਉਹਨਾਂ ਦੀ ਹਾਲਤ ਨੂੰ ਜਾਣਦੇ ਹੋ। ਮੇਰੇ ਸਾਹਮਣੇ ਵੀ ਅਜਿਹੀ ਮੁਸ਼ਕਿਲ ਸੀ। ਪਰ ਹੁਣ ਹੋ ਸਕਦਾ ਸਦਾ ਅਜਿਹਾ ਹੋਵੇ, "ਪਹਿਲਾਂ ਤੁਸੀਂ ਖੁਦਾ ਦੇ ਰਾਜ ਨੂੰ ਭਾਲੋ," ਖੁਦਾ ਦੀ ਮਰਜੀ ਨੂੰ।

29. ਅਤੇ ਹੁਣ ਉਹ ਹਨ ਭਾਈ ਗਰੀਨ ਜਿਸ ਨੂੰ ਖੁਦਾ ਨੇ ਜੋ ਅਸੀਂ ਨਿਹਚਾ ਰੱਖਦੇ ਹਾਂ ਉਸੇ ਤਰ੍ਹਾਂ ਦੀ ਪਿਆਰੀ ਨਿਹਚਾ ਕਰਨ ਵਾਲਿਆਂ ਦੀ ਕਲੀਸੀਯਾ ਸ਼ੁਰੂ ਕਰਨ ਲਈ ਭੇਜਿਆ ਹੈ, ਸਾਨੂੰ ਖੁਦਾ ਦੇ ਬਹੁਤ ਧਨੰਵਾਦੀ ਹੋਣਾ ਚਾਹੀਦਾ ਹੈ, ਅਤੇ ਸਾਰੀਆਂ ਬੰਦਗੀਆਂ ਵਿਚ ਹਾਜ਼ਰ ਹੁੰਦੇ ਹਾਂ, ਹਰੇਕ ਜਗ੍ਹਾ ਜਿੱਥੇ ਹੋ ਸਕੇ ਜਾਈਏ। ਅਤੇ ਜੇ ਕਰ ਅਸੀਂ ਬੇਨਤੀ ਕਰਨ ਲਈ ਬੁਲਾਏ ਜਾਂਦੇ ਹਾਂ, ਕਰਨ ਲਈ ਭਾਲੀਏ, ਆਓ ਅਸੀਂ ਠੀਕ ਸਿਪਾਹੀ ਬਣਨ ਲਈ ਬਸ ਇਹ ਕਰਨ ਲਈ ਖਾਹਸ਼ਮੰਦ ਹੋਈਏ। ਸਮਝੇ?

30 ਸੰਦੇਸ਼ ਨੂੰ ਆਦਰਯੋਗ ਰੱਖੋ, ਅਤੇ ਸਹੀ ਤਰ੍ਹਾਂ ਦਾ ਜੀਵਨ ਬਿਤਾਓ। ਇਸ ਤੇ ਕਾਲਾ ਧੱਬਾ ਨਾ ਲੱਗਣ ਦਿਓ। ਹੁਣ ਅਸੀਂ ਦੇਰੀ ਅੰਦਰ ਜੀਵਨ ਗੁਜ਼ਾਰ ਰਹੇ ਹਾਂ। ਅਸੀਂ ਵੇਲੇ ਸਿਰ ਹੋਣ ਤੋਂ ਬਹੁਤ ਪਿਛਾਹਾਂ ਹਾਂ। ਆਓ ਇਸ ਨੂੰ ਸਾਫ ਜੀਵਨ ਕਰ ਕੇ ਬਿਤਾਈਏ। ਜਾਂ ਮੇਰਾ ਜੀਵਨ, ਤੁਹਾਡਾ ਜੀਵਨ, ਸਾਡੇ ਸਾਰਿਆਂ ਦੇ ਜੀਵਨ ਨੂੰ ਖੁਦਾ ਦੀ ਹਜ਼ੂਰੀ ਵਿੱਚ ਉਠਾਏ ਜਾਣ ਦੀ ਜ਼ਰੂਰਤ ਹੈ।

31 ਸਾਡੇ ਨੌਜਵਾਨ ਇਕ ਮਨੋਰੰਜਨ ਤੋਂ ਦੂਸਰੇ ਮਨੋਰੰਜਨ ਵੱਲ ਬਸ ਸਵਾਰ ਹੋ ਕੇ ਚੁਫੇਰੇ ਘੁੰਮਦੇ ਰਹਿੰਦੇ ਹਨ ਅਤੇ ਖੁਦਾ ਤੋਂ ਜ਼ਿਆਦਾ ਹੀ ਦੂਰ ਹੁੰਦੇ ਜਾਂਦੇ ਹਨ। ਸਹੀ ਗੱਲ ਹੈ। ਹੁਣ ਇਹ ਸਚਾਈ ਹੀ ਹੈ। ਮੈਂ ਆਪਣੇ ਬੱਚਿਆਂ ਅੰਦਰ ਵੇਖਦਾ ਹਾਂ, ਮੈਂ ਖੁਦ ਵੇਖਦਾ ਹਾਂ, ਇੱਕ ਸਥਾਨ ਤੇ

ਪਹੁੰਚਣ ਲਈ ਜਿਥੇ ਨਹੀਂ ਜਾਣਾ ਹੁੰਦਾ... ਤੁਸੀਂ , ਤੁਸਾਂ ਖ਼ੁਦਾ ਦੀ ਭਗਤੀ ਲਈ ਇੱਕਠੇ ਹੋਣਾ ਹੁੰਦਾ ਹੈ, ਬਾਈਬਲ ਨੇ ਇਸ ਤਰ੍ਹਾਂ ਆਖਿਆ ਹੈ, ਜਦੋਂ ਅਸੀਂ ਇਸ ਦਿਨ ਨੂੰ ਨੇੜੇ ਆਉਂਦਾ ਵੇਖਦੇ ਹਾਂ ਓਨੇ ਵੱਧ ਇਕੱਠੇ ਹੋਵੋ।" ਏਥੇ ਜੇ-ਕਰ ਕੇਵਲ ਦੋ ਜਣੇ ਹੀ ਹੋਣ, ਤੁਸੀਂ ਉਹਨਾਂ ਵਿੱਚੋਂ ਇੱਕ ਹੋਵੋ। ਹੁਣ ਉਹ ਹੈ... ਅਤੇ ਜੇ-ਕਰ ਅਸੀਂ ਇਕੱਠੇ ਹੋਈਏ, ਅਤੇ ਇਕਠੇ ਹੋ ਕੇ ਭਗਤੀ ਕਰੀਏ, ਤਾਂ ਫੇਰ ਬਸ ਇਸ ਤਰ੍ਹਾਂ ਅਸੀਂ ਕੁਝ ਹੋਰ ਤਰ੍ਹਾਂ ਦੇ ਹੋਵਾਂਗੇ। ਯਿਸੂ ਨੇ ਆਖਿਆ ਹੈ,"ਜਿਸ ਥਾਂ ਦੋ ਯਾਂ ਤਿੰਨ ਜਣੇ ਮੇਰੇ ਨਾਮ ਵਿੱਚ ਇੱਕਠੇ ਹੋਣਗੇ, ਮੈਂ ਉਥੇ ਉਹਨਾਂ ਵਿਚਕਾਰ ਹੋਵਾਂਗਾ।"

32 ਹੁਣ ਇਸ ਤਰ੍ਹਾਂ ਕਿ ਮੈਂ ਪਹਿਲਾਂ ਦੱਸਿਆ ਹੈ, ਭਾਈ ਗਰੀਨ ਨੇ ਮੈਨੂੰ ਦੱਸਿਆ ਅਤੇ ਉਸ ਨੇ ਇਹ ਆਖਿਆ , ਮੇਰੀ ਪਤਨੀ ਨੇ ਆ ਕੇ ਮੈਨੂੰ ਉਹ ਦੱਸਿਆ ਜੋ ਉਸ ਨੇ ਮੇਰੀ ਗੈਰ ਹਾਜ਼ਰੀ ਵਿਚ ਆਖਿਆ ਸੀ। ਉਹ ਗੱਲ ਉਸ ਨੇ ਇਸ ਸਵੇਰੇਂ ਆਖੀ ਹੈ। "ਪਰਚਾਰ ਵਾਲੀ ਥਾਂ ਕਿਸੇ ਵੇਲੇ ਵੀ ਖੁੱਲ੍ਹੀ ਸੀ।" ਹੁਣ ਆਮ ਕਰਕੇ, ਉਹ ਮੇਰੇ ਲਈ ਖੁੱਲ੍ਹ ਗਈ ਸੀ।

ਹੁਣ ਸਾਧਾਰਨ ਤੌਰ ਤੇ, ਮੈਨੂੰ ਜਫਰਸਨਵਿਲੈ, ਇੰਡੀਆਨਾ ਤੋਂ, ਇਕ ਸੰਦੇਸ਼ ਜੋ ਖ਼ੁਦਾ ਨੇ ਮੈਨੂੰ ਦਿੱਤਾ ਹੈ, ਲੋਕਾਂ ਨੂੰ ਪਰਚਾਰਨ ਲਈ ਸਫ਼ਰ ਕਰਨਾ ਸੀ। ਸਾਰੇ ਇੰਡੀਆਨਾ-ਜਫਰਸਨਵਿਲੈ ਦੇ ਰਾਹ ਨੂੰ ਵਿਚੋਂ ਦੀ ਜਾਵਾਂ ਅਤੇ ਤੁਹਾਡੇ ਵਿੱਚੋਂ ਹਰੇਕ ਦੇਸ ਭਰ ਦੇ ਸਿਲਸਲੇ ਤੇ ਤਾਰਾਂ ਦੀਆਂ ਹੁੱਕਾਂ ਨੂੰ ਦੱਬ ਕੇ (ਚਲਾ ਕੇ) ਸੰਦੇਸ਼ ਸੁਣਨ ਲਈ ਨਿਰਭਰ ਕਰਦੇ ਹੋ।

ਕਿਉਂਜੋ ਉਹੀ ਕੁਝ ਹੈ ਜਿਸ ਨਾਲ ਅਸੀਂ ਜੀ ਰਹੇ ਹਾਂ। ਵੇਖੋ, ਅਸੀਂ ਏਥੇ ਏਸੇ ਲਈ ਹਾਂ। ਖ਼ੈਰ, ਅਸਾਂ ਉਸ ਤਰ੍ਹਾਂ ਅੱਗੇ ਨੂੰ ਨਹੀਂ ਕਰਨਾ ਹੈ।

33 ਖ਼ੁਦਾ ਨੇ ਮੈਨੂੰ ਇਕ ਸੰਦੇਸ਼ ਦਿੱਤਾ ਹੈ, ਮੈਂ ਠੀਕ ਇਸ ਸਥਾਨ ਤੇ ਆ ਕੇ ਮੰਚ ਤੇ ਪਰਚਾਰ ਕਰ ਸਕਦਾ ਹਾਂ ਅਤੇ ਇਹ ਕਰਨ ਲਈ ਆਜ਼ਾਦੀ ਮਹਿਸੂਸ ਕਰਦਾ ਹਾਂ ਸਮਝੇ? ਅਤੇ ਮੇਰੀ ਨਿਹਚਾ ਹੈ ਉਸ ਤਰ੍ਹਾਂ ਕਰਨ ਨਾਲ ਖ਼ੁਦਾ ਸਰਬਸ਼ਕਤੀਮਾਨ ਤੁਹਾਨੂੰ ਆਸ਼ੀਸ਼ ਦੇਵੇਗਾ ਹੁਣ ਬਸ ਇਸ

ਮੰਡਲੀ ਨਾਲ ਟਿਕੇ ਰਹੋ, ਇਸ ਝੁੰਡ ਦੇ ਲੋਕਾਂ ਨਾਲ। ਨਾ ਕਿ ਸਿਰਫ਼ ਐਨਾ ਹੀ, ਪਰ ਆਓ ਅਸੀਂ ਬਾਹਰ ਜਾ ਕੇ, ਜੇ ਕਰ ਅਸੀਂ ਦੂਸਰਿਆਂ ਨੂੰ ਅੰਦਰ ਨਹੀਂ ਲਿਆ ਸਕਦੇ, ਵੇਖੋ, ਹਰੇਕ ਸਥਾਨ ਤੇ ਹਰੇਕ ਨਾਲ ਗੱਲ ਕਰੀਏ, ਉਹਨਾਂ ਨਾਲ ਸਾਡੇ ਚਰਚ ਬਾਰੇ ਗੱਲ ਕਰੀਏ ਕਿ ਇਸ ਦਾ ਕੀ ਮਤਲਬ ਹੈ। ਸਾਡੀ ਕਲੀਸੀਆ ਕੀ ਹੈ... ਅਸੀਂ ਏਥੇ ਹਾਂ, ਅਸੀਂ ਚਾਹੁੰਦੇ ਹਾਂ ਤੁਸੀਂ ਆਓ ਨਾਵਾ- -ਕਫਾਂ ਨੂੰ ਅੰਦਰ ਲਿਆਓ, ਅਤੇ ਮੈਂ ਪੱਕੀ ਤਰ੍ਹਾਂ ਜਾਣਦਾ ਹਾਂ ਕਿ ਸਾਡੇ ਸਭਨਾਂ ਲਈ ਠੀਕ ਹੋਵੇਗਾ। ਸਮਝੇ? ਵੇਖੋ ਸਾਡੇ ਪਾਸ ਭਵਨ ਹੈ, ਜਿਸ ਲਈ ਅਸੀਂ ਧੰਨਵਾਦੀ ਹਾਂ, ਅਸੀਂ ਇਸ ਸਥਾਨ ਲਈ ਏਥੇ ਇੱਕਠੇ ਹੋਣ ਲਈ ਧੰਨਵਾਦੀ ਹਾਂ।

34 ਪਰ,"ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ ਵਿੱਚ ਨਹੀਂ ਵਸਦਾ, ਵੇਖੋ, ਅਕਾਸ਼ ਮੇਰਾ ਸਿੰਘਾਸਣ ਅਤੇ ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ, ਕਿਹੜਾ ਥਾਂ ਮੇਰੇ ਅਰਾਮ ਦਾ ਹੈ? ਪਰ ਤੂੰ ਮੇਰੇ ਲਈ ਇੱਕ ਬਦਨ ਤਿਆਰ ਕੀਤਾ ਹੈ।"

ਅਤੇ ਅਸੀਂ ਪ੍ਰਭੂ ਦੀ ਦੇਹੀ ਹਾਂ। ਇਸ ਲਈ ਜਿਸ ਪਰਕਾਰ ਅਸੀਂ ਇੱਕ ਇਮਾਰਤ ਤੋਂ ਦੂਸਰੀ ਅੰਦਰ ਜਾਂਦੇ ਹਾਂ, ਮੈਂ, ਸਾਡਾ ਸੰਦੇਸ਼ ਪੇਸ਼ ਕਰਨ ਅੰਦਰ ਨਿਹਚਾ ਰੱਖਦਾ ਹਾਂ ਅਤੇ ਅਸੀਂ ਆ ਕੇ ਚੰਗਿਆਈ ਦੀ ਬੰਦਗੀ ਕਰਾਂਗੇ। ਅਤੇ ਪ੍ਰਭੂ ਕੋਈ ਵੀ ਗੱਲ ਸਾਡੇ ਕਰਨ ਨੂੰ ਪ੍ਰਗਟ ਕਰਦਾ ਹੈ। ਅਸੀਂ ਠੀਕ ਏਥੇ ਇਸੇ ਕਲੀਸੀਆ ਅੰਦਰ ਕਰਾਂਗੇ, ਜਦ ਤੱਕ ਉਹ ਐਨਾ ਵੱਧ ਕੇ ਫੈਲ ਨਾ ਜਾਏ, ਕਿ ਤੁਹਾਨੂੰ ਕਿਸੇ ਹੋਰ ਥਾਂ ਤੇ ਵੀ ਲੈ ਜਾਣਾ ਪਵੇ ਅਤੇ ਯਿਸੂ ਦੇ ਆਉਣ ਤੇ ਹੋਰ ਕਿਤੇ ਵੀ , ਖੁਦਾ ਤੁਹਾਨੂੰ ਆਸ਼ੀਸ ਦੇਵੇ। (ਭਾਈ ਪੈਰੀ ਗਰੀਨ ਵਿਚਾਰ ਪੇਸ਼ ਕਰਦਾ ਹੈ, ਅਤੇ ਤਦੋਂ ਹੀ ਭਾਈ ਬ੍ਰਾਨਹਮ ਨੂੰ ਆਪਣੇ ਠਹਿਰਾਏ ਜਾਣ ਲਈ ਪੁੱਛਦਾ ਹੈ- ਸੰਪਾਦਕ)

35 ਆਪਣੇ ਸਿਰਾਂ ਨੂੰ ਝੁਕਾਈਏ।

ਪਿਆਰੇ ਖ਼ੁਦਾ, ਜਿਸ ਤਰ੍ਹਾਂ ਅਸੀਂ ਇਸ ਮੰਚ ਤੇ ਖੜੇ ਹਾਂ, ਜੋ ਕਿ ਠੀਕ ਏਥੇ ਠੀਕ ਤੰਬਾਗਾਹ ਨੂੰ ਪੇਸ਼ ਕਰਦਾ ਹੈ। ਅਸੀਂ ਮੰਨਦੇ ਹਾਂ ਕਿ ਅਸੀਂ ਇੱਕ

ਖਤਮ ਹੋਣ ਵਾਲੀ ਪੀੜ੍ਹੀ ਦੇ ਲੋਕ ਹਾਂ। ਜਿੱਥੋਂ ਤੱਕ ਇਸ ਚਰਚ ਦਾ ਸੰਬੰਧ ਹੈ। ਅਸੀਂ ਗਲੀਆਂ ਵਿਚ ਝਾਤੀ ਮਾਰ ਕੇ ਵੇਖਦੇ ਹਾਂ ਕਿ ਹਰ ਥਾਂ ਤੇ ਪਾਪ ਪਾਇਆ ਜਾਂਦਾ ਹੈ ਅਤੇ ਪ੍ਰਭੂ ਦਾ ਪਰਤਾਪ ਤੇਜੀ ਨਾਲ ਅਲੋਪ ਹੁੰਦਾ ਜਾਂਦਾ ਹੈ। ਅਤੇ ਅਸੀਂ ਜਾਣਦੇ ਹਾਂ, ਜਦ ਖ਼ੁਦਾ ਦਾ ਜਲਾਲ ਉੱਪਰ ਉਠਾ ਲਿਆ ਜਾਂਦਾ ਹੈ ਉਸੇ ਨਾਲ ਏਸੇ ਪ੍ਰਕਾਰ ਕਲੀਸੀਯਾ ਵੀ ਉੱਪਰ ਨੂੰ ਉਠਾ ਲਈ ਜਾਏਗੀ, ਖ਼ੁਦਾ ਅਸੀਂ ਉਸੇ ਥਾਂ ਹੋਣਾ ਚਾਹੁੰਦੇ ਹਾਂ।

36 ਬਸ ਕੁਝ ਦਿਨ ਪਹਿਲਾਂ ਏਥੇ ਗਲੀ ਵਿਚ ਖੜੇ ਹੋਇਆਂ ਸਿਰਫ਼ ਗਲੀ ਦੇ ਕੋਨੇ ਤੇ ਉਸ ਪਰੇਡ (ਫੌਜੀ ਪ੍ਰੇਡ) ਨੂੰ ਗਲੀ ਵਿਚੋਂ ਦੀ ਹੁੰਦੇ ਹੇਠਾਂ ਨੂੰ ਜਾਂਦੇ ਵੇਖਦੇ ਹੋਏ, ਅਤੇ ਉਸ ਪਹਿਲੇ ਜੰਗ ਵਾਲੇ ਟੈਂਕ ਨੂੰ ਆਗੂ ਬਣੇ ਰਾਹ ਤੇ ਜਾਂਦਿਆ ਵੇਖਿਆ, ਫੇਰ ਉਸ ਦੇ ਪਿੱਛੇ ਵੱਡਾ ਸਰਮਨ ਟੈਂਕ ਨੂੰ ਉਸ ਦੇ ਪਿੱਛੇ ਆਉਂਦੇ ਆਉਂਦੇ ਵੇਖਿਆ, ਫੇਰ ਗੋਲਡ ਸਟਾਰ ਮਦਰਜ਼। ਛੋਟਾ ਖਿਲਰਿਆ ਖ਼ਾਨਦਾਨ ਜਿਸ ਅੰਦਰ ਇੱਕ ਪਤਨੀ ਰੋਂਦੀ ਹੈ ਅਤੇ ਇੱਕ ਵਿਚਾਰਾ ਛੋਟਾ ਲੜਕਾ ਜਿਸ ਦਾ ਪਿਤਾ ਉਸ ਕੋਲੋਂ ਜਾਂਦਾ ਰਿਹਾ, ਅਤੇ ਇੱਕ ਬੁੱਢੀ ਮਾਂ ਦਾ ਇਕ ਪੁੱਤ ਉਸ ਤੋਂ ਖੁੱਸ ਗਿਆ। ਓਹੋ ਕਿੱਡੀ ਉਦਾਸੀ ਹੈ, ਗਲੀ ਦੇ ਕੋਨੇ ਤੇ ਖੜੇ ਹੋ ਕੇ ਇਸ ਤਰ੍ਹਾਂ ਦੀਆਂ ਹੁੰਦੀਆਂ ਗੱਲਾਂ ਨੂੰ ਵੇਖਣਾ। ਤੱਦ ਗੌਹ ਕਰਦਿਆਂ ਬੱਸ ਜਿਉਂ ਹੀ ਉਹ ਇਸ ਇਮਾਰਤ ਵਿਚੋਂ ਦੀ ਗੁਜ਼ਰ ਗਏ, ਸੰਗੀਤ ਬਦਲ ਕੇ ਵੱਜਣ [illegible] ਪਿਆ, "ਯਿਸੂ ਕੇ ਸਿਪਾਹੀ ਆਗੇ ਕਦਮ ਮਾਰ।" ਉਹ ਮਾਰਚ ਨਾਲ ਵਜਾਉਂਦੇ ਅਤੇ ਪਿੱਛੇ ਚਲੇ ਆਉਂਦੇ, ਪਰ ਜਦ ਉਹ ਨਿਸਚਤ ਸਥਾਨ ਨੂੰ ਪਾਰ ਕਰ ਗਏ!

37 ਪਿਆਰੇ ਖ਼ੁਦਾ, ਮੈਂ ਇੱਕ ਹੋਰ ਮਹਾਨ ਸਮੇਂ ਬਾਰੇ ਸੋਚਦਾ ਹਾਂ ਜੋ ਆਉਣ ਵਾਲਾ ਹੈ, ਅਤੇ ਉਹ ਉਠਾਏ ਜਾਣ ਦਾ ਵੇਲਾ ਹੋਵੇਗਾ, ਜਦ ਪਹਿਲੇ ਸਮੇਂ ਦੇ ਬਜ਼ੁਰਗ ਸੰਤ ਪਹਿਲਾਂ ਨਿਕਲ ਆਉਣਗੇ।"ਕਿਉਂ ਜੋ ਅਸੀਂ ਜੋ ਜਿਉਂਦੇ ਅਤੇ ਬਾਕੀ ਰਹਿੰਦੇ ਹਾਂ, ਉਹਨਾਂ ਤੋਂ ਅਗੇਤਰੇ ਨਹੀਂ ਹੋਵਾਂਗੇ ਜੋ ਸੁੱਤੇ ਪਏ ਹਨ। ਕਿਉਂਜੋ ਖੁਦਾ ਦੀ ਤੁਰ੍ਹੀ ਵੱਜੇਗੀ ਅਤੇ ਜੋ ਮਸੀਹ ਅੰਦਰ ਹੋ ਕੇ

ਮਰੇ ਹਨ। ਉਹ ਪਹਿਲਾਂ ਜੀ ਉੱਠਣਗੇ।" ਫਿਰ ਜਦ ਅਸੀਂ ਮਹਾਨ ਕੰਮ ਨੂੰ ਵੇਖਾਂਗੇ ... ਬਸ ਉਹਨਾਂ ਲੋਕਾਂ ਨੂੰ ਆਕਾਸ਼ ਅੰਦਰ ਮਾਰਚ ਕਰਦੇ ਵੇਖਾਂਗੇ। ਅਤੇ ਅਸੀਂ ਖੜੇ ਹੋਏ ਆਪਣੀ ਤਬਦੀਲੀ ਦਾ ਇੰਤਜ਼ਾਰ ਕਰਾਂਗੇ, ਇਹ ਜਾਣਦੇ ਹੋਏ ਕਿ ਅਸੀਂ ਵੀ ਉਸੇ ਸਤਰ ਅੰਦਰ ਹੋਣਾ ਹੈ, ਖ਼ੁਦਾ ਸਾਨੂੰ ਵਫ਼ਾਦਾਰ ਸਿਪਾਹੀ ਬਣਾ।

38 ਸਿਰਫ਼ ਉਹੀ ਅਸਲ ਵਿੱਚ ਜਾਣਨਗੇ ਕਿ ਉਸ ਦਾ ਕੀ ਮਤਲਬ ਹੈ ਜੋ ਲੜਾਈ ਵਿੱਚ ਰਹੇ ਹਨ ਕਿ ਉਹਨਾਂ ਟੈਂਕਾਂ ਦਾ ਅੱਗੇ ਵਧਣ ਦਾ ਕੀ ਭਾਵ ਹੈ। ਅਤੇ ਖ਼ੁਦਾ ਅਸੀਂ ਜਾਣਦੇ ਹਾਂ, ਉਹ ਉਹੀ ਹੋਣਗੇ ਜੋ ਜੀਵਨ ਦੇ ਜੰਗ ਅੰਦਰ ਘੋਲ ਕਰਦੇ ਰਹੇ ਹਨ ਜਾਨਣਗੇ ਕਿ ਇਸ ਦਾ ਕੀ ਮਤਲਬ ਹੈ। ਜਦ ਕਿ ਅਸੀਂ ਉਸੇ ਸਥਾਨ ਉਸੇ ਹਾਲਾਤ ਅੰਦਰ ਪਹੁੰਚਣ ਦੀ ਇੰਤਜ਼ਾਰੀ ਅੰਦਰ ਹਾਂ ਕਿ ਜੀ ਉੱਠਣ ਅੰਦਰ ਰਲ ਕੇ ਉੱਪਰ ਚਲੇ ਜਾਈਏ।

39 ਅਤੇ ਇਹ ਮੇਰਾ ਨੌਜਵਾਨ ਭਾਈ ਪੂਰੀ ਸਿੱਖਿਆ ਪਾ ਕੇ ਤਿਆਰ ਹੋ ਕੇ ਬਸਤਰ ਪਹਿਣ ਕੇ ਏਥੇ ਖੜ੍ਹਾ ਹੈ, ਅਤੇ ਇੰਤਜ਼ਾਰ ਕਰਦਾ ਹੈ ਕਿ ਇੱਕ ਸਿਆਣਾ ਭਾਈ ਉਸ ਤੇ ਹੱਥ ਧਰੇ, ਉਹ ਜੋ ਉਮਰ ਅੰਦਰ ਬਜ਼ੁਰਗ ਤਜ਼ੁਰਬੇਕਾਰ ਏਥੇ ਪਹਿਲੀ ਸਤਰ ਅੰਦਰ ਮੋਹਰੇ ਖੜ੍ਹਾ ਹੈ, ਜਾਣਦੇ ਹੋਏ ਕਿ ਜ਼ਰੂਰੀ ਹੈ ਕਿ ਉਹ ਵੀ ਲੜਾਈ ਦੇ ਮੈਦਾਨ ਅੰਦਰ ਦਾਖ਼ਲ ਹੋਏ। ਪਿਆਰੇ ਖ਼ੁਦਾ ਇਹਨਾਂ ਕਮਜ਼ੋਰ ਹੱਥਾਂ ਨੂੰ ਮੈਂ ਆਪਣੇ ਭਾਈ ਉੱਤੇ ਧਰਦਾ ਹਾਂ, ਤੇਰੀ ਪ੍ਰਤੀਨਿਧਤਾ ਕਰਦਾ ਹਾਂ ਭਾਈ ਗਰੀਨ ਨੂੰ ਆਸ਼ੀਸ਼ ਦੇ ਪਿਆਰੇ ਖ਼ੁਦਾ। ਜਿਸ ਨੂੰ ਮੈਂ ਅਸ਼ੀਸ਼ ਦੇਂਦਾ ਹਾਂ। ਕਾਸ਼ ਕਿ ਉਹੀ ਇਸ ਸੰਦੇਸ਼ ਵਾਲੀ ਸੇਵਾ ਕਰੇ, ਪ੍ਰਭੂ ਜਿਸ ਸ਼ਹਿਰ ਅੰਦਰ ਅਤੇ ਜਿਸ ਥਾਂ ਤੂੰ ਉਸ ਨੂੰ ਬੁਲਾਵੇਂ, ਕਾਸ਼ ਕਿ ਉਹ ਵਫ਼ਾਦਾਰ ਠਹਿਰੇ, ਪਵਿੱਤਰ ਆਤਮਾ ਨਾਲ ਭਰ ਜਾਏ, ਨਿਰਦੋਸ਼ ਜੀਵਨ ਗੁਜ਼ਾਰੇ। ਖ਼ੁਦਾ ਉਹ ਨੂੰ ਲੋਕਾਂ ਦਾ ਹਰਮਨ ਪਿਆਰਾ ਬਣਾ ਕਾਸ਼ ਕਿ ਉਹ ਲੋਕਾਂ ਤੱਕ ਪਹੁੰਚੇ, ਅਤੇ ਉਹਨਾਂ ਦੀ ਅਗਵਾਈ ਕਰੇ,ਅਤੇ ਜਿਸ ਰਾਹ ਤੇ ਚੱਲਣ ਦੀ ਅਸੀਂ ਸੱਭੇ ਇੱਛਾ ਕਰਦੇ ਹਾਂ ਉਸੇ ਤੇ ਉਹਨਾਂ ਦੀ ਅਗਵਾਈ ਕਰੇ, ਪ੍ਰਭੂ ਬਖ਼ਸ਼

ਦੇ।

40 ਉਸ ਦੀ ਵਫ਼ਾਦਾਰ ਪਤਨੀ ਅਤੇ ਛੋਟੇ ਬੱਚਿਆਂ ਨੂੰ ਆਸ਼ੀਸ਼ ਦੇ। ਸਾਡੀਆਂ ਮਿਹਨਤਾਂ ਨੂੰ ਜੋ ਅਸੀਂ ਮਸੀਹੀ ਭਾਈਚਾਰੇ ਦੇ ਇਕੱਠ ਨਾਲ ਧਰਤੀ ਤੇ ਕਰਦੇ ਹਾਂ ਆਸ਼ੀਸ਼ ਦੇ, ਤਾਂ ਜੋ ਅਸੀਂ ਅੰਜੀਲ ਦੇ ਸਮਾਚਾਰ ਨੂੰ ਜਗਤ ਦੇ ਅੰਤ ਤੱਕ ਕਰੀਏ। ਉਸ ਉੱਪਰ ਆਪਣਾ ਆਤਮਾ ਉੱਡੇਲ ਦੇ, ਖ਼ੁਦਾ ਜਦ ਕਿ ਅਸੀਂ ਉਸ ਨੂੰ ਤੇਰੇ ਸਪੁਰਦ ਕਰਦੇ ਹਾਂ, ਅਸੀਂ ਯਿਸੂ ਮਸੀਹ ਦੇ ਨਾਮ ਵਿਚ ਬੇਨਤੀ ਕਰਦੇ ਹਾਂ, ਆਮੀਨ।

ਭਾਈ ਪੈਰੀ ਖ਼ੁਦਾ ਤੁਹਾਨੂੰ ਆਸ਼ੀਸ਼ ਦੇਵੇ। ਖ਼ੁਦਾ ਦਾ ਬਚਨ ਸੁਣਾਓ!

# *What House Will You Build Me?*

65 - 1121 Vol. 19 - 6

## ਤੁਸੀਂ ਮੇਰੇ ਲਈ ਕਿਹੋ ਜਿਹਾ ਭਵਨ ਬਣਾਓਗੇ।

ਇਹ ਸੰਦੇਸ਼ ਭਾਈ ਵਿਲੀਅਮ ਮੈਰੀਅਨ, ਬ੍ਰਾਨਹਮ ਨੇ 21 ਨਵੰਬਰ, 1965 ਸਵੇਰੇ ਬ੍ਰਹਨਮ ਡੇਰਾ ਜਫ਼ਰਸਨ ਵਿਲੈ ਇੰਡੀਆਨਾ ਯੂ. ਐਸ.ਏ. ਵਿਚ ਪਰਚਾਰਿਆ। ਇਸ ਜਬਾਨੀ ਪਰਚਾਰੇ ਗਏ ਸੰਦੇਸ਼ ਨੂੰ ਚੁੰਬਕ ਟੇਪ ਰਿਕਾਰਡਿੰਗ ਤੋਂ ਲੈ ਕੇ ਛਪਾਈ ਵਿਚ ਬਦਲਨ ਲਈ ਸਫਲਤਾ ਨੂੰ ਹਰੇਕ ਸਹੀ ਸਹੀ ਯਤਨ ਨਾਲ ਪਰਾਪਤ ਕਰਕੇ ਵਾਇਸ ਆਫ ਗਾਡ ਰਿਕਾਰਡਿੰਗ ਨੇ ਬਿਨਾ ਘਟਾਏ ਵਧਾਏ ਛਪਵਾ ਕੇ ਵੰਡਿਆ ਹੈ। ਇਹ ਕਿਤਾਬ ਨਿਹਚਾਵਾਨਾਂ ਦੀ ਆਜਾਦ ਇਛਿਆ ਦੇ ਦਾਨ ਨਾਲ ਮੁਫਤ ਵੰਡਣ ਲਈ ਤਿਆਰ ਕੀਤੀ ਗਈ ਹੈ।

©ਹਰੇਕ ਹੱਕ ਰਾਖਵੇਂ ਹਨ।

©2001 VGR, ALL RIGHTS RESERVED

VOICE OF GOD RECORDINGS
P.O. Box 950, JEFFERSONVILLE, INDIANA 47131. U.S.A.

VOICE OF GOD RECORDINGS
India Office
28,Shenoy Road, Nungambakkam, Chennai 600 034 S. India
Phone : 044 - 28274560 □ Fax : 044 - 28256970

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org